BRAMPTON **Service and Information Update**

# ਸਿਟੀ ਆਫ ਬ੍ਰੈਂਪਟਨ, ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਨੂੰ ਹਟਾਉਣ ਦੇ ਨਾਲ ਹੌਲੀ-ਹੌਲੀ ਅਤੇ ਸੁਰੱਖਿਅਤ ਰੂਪ ਨਾਲ ਸ਼ਹਿਰ ਨੂੰ ਦੁਬਾਰਾ ਖੋਲ੍ਹਣਾ ਜਾਰੀ ਰੱਖਦੀ ਹੈ

ਬ੍ਰੈਂਪਟਨ, ਓਨਟੈਰੀਓ (18 ਮਾਰਚ, 2022) – ਸਿਟੀ ਆਫ ਬ੍ਰੈਂਪਟਨ, ਸਿਹਤ ਅਤੇ ਸੁਰੱਖਿਆ ਤੇ ਧਿਆਨ ਕੇਂਦਰਿਤ ਕਰਦੇ ਹੋਏ, ਦੁਬਾਰਾ ਖੁੱਲ੍ਹਣਾ ਜਾਰੀ ਰੱਖ ਰਹੀ ਹੈ, ਸਟਾਫ ਹੌਲੀ-ਹੌਲੀ ਅਤੇ ਸੁਰੱਖਿਅਤ ਢੰਗ ਨਾਲ ਦਫਤਰ ਅਤੇ ਸਿਟੀ ਦੇ ਕੰਮ ਦੇ ਸਥਾਨਾਂ ਤੇ ਵਾਪਸ ਆ ਰਿਹਾ ਹੈ।

**ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ**

ਸਿਟੀ ਨੇ, ਆਪਣੇ ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Brampton COVID-19 Mandatory Mask By-law) ਵਿੱਚ ਸੰਸ਼ੋਧਨ ਕੀਤਾ ਹੈ ਅਤੇ ਹੁਣ ਇਹ ਸੋਮਵਾਰ, 21 ਮਾਰਚ, 2022 ਨੂੰ ਐਕਸਪਾਇਰ ਹੋ ਜਾਵੇਗਾ। ਅਜਿਹਾ, ਇਸੇ ਤਾਰੀਖ ਤੇ ਜ਼ਿਆਦਾਤਰ ਸੈਟਿੰਗਾਂ ਵਿੱਚ ਮਾਸਕ ਪਹਿਨਣ ਦੀਆਂ ਪ੍ਰੋਵਿੰਸ਼ੀਅਲ ਸ਼ਰਤਾਂ ਨੂੰ ਹਟਾਉਂਦੇ ਹੋਏ, ਓਨਟੈਰੀਓ ਸੂਬੇ ਦੇ ਨਿਰਦੇਸ਼ਾਂ ਦੇ ਮੁਤਾਬਕ ਕੀਤਾ ਗਿਆ ਹੈ।

ਚੋਣਵੀਆਂ ਸੈਟਿੰਗਾਂ ਵਿੱਚ ਮਾਸਕ ਪਹਿਨਣ ਦੀ ਸ਼ਰਤ ਜਾਰੀ ਰਹੇਗੀ, ਜਿਵੇਂ ਪਬਲਿਕ ਟ੍ਰਾਂਜ਼ਿਟ ਅਤੇ ਇਨਡੋਰ ਟਰਮੀਨਲਸ, ਹੈਲਥ ਕੇਅਰ ਸੈਟਿੰਗਾਂ, ਲੌਂਗ-ਟਰਮ ਕੇਅਰ ਹੋਮਸ ਅਤੇ ਕੋਂਗਰੀਗੇਟ ਕੇਅਰ ਸੈਟਿੰਗਾਂ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਹਨਾਂ ਲੋਕਾਂ ਦਾ ਸਨਮਾਨ ਕਰਨ, ਜੋ ਉਹਨਾਂ ਸੈਟਿੰਗਾਂ ਵਿੱਚ ਵੀ ਮਾਸਕ ਪਹਿਨਣਾ ਜਾਰੀ ਰੱਖਣਾ ਚਾਹੁੰਦੇ ਹਨ, ਜਿੱਥੇ ਉਹ ਜ਼ਰੂਰੀ ਨਹੀਂ ਹਨ।

ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Mandatory Face Mask By-law) ਹੇਠ, ਕਮਿਉਨਿਟੀ ਦੀ ਸਿਹਤ ਅਤੇ ਸੁਰੱਖਿਆ ਨੂੰ ਬਣਾਏ ਰੱਖਣ ਵਾਸਤੇ, ਸਾਰੀਆਂ ਇਨਡੋਰ ਪਬਲਿਕ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ ਪਹਿਨਣਾ ਜ਼ਰੂਰੀ ਸੀ। ਸੰਸ਼ੋਧਨ ਤੋਂ ਪਹਿਲਾਂ, ਇਹ 1 ਅਪ੍ਰੈਲ, 2022 ਨੂੰ ਐਕਸਪਾਇਰ ਹੋਣਾ ਸੀ।

**ਬ੍ਰੈਂਪਟਨ ਟ੍ਰਾਂਜ਼ਿਟ**

ਸੂਬੇ ਦੇ ਰੈਗੁਲੇਸ਼ਨਸ (Province's regulations) ਦੇ ਮੁਤਾਬਕ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀਆਂ ਸਾਰੀਆਂ ਬੱਸਾਂ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਵਿਖੇ, ਮਾਸਕ ਪਹਿਨਣ ਦੀ ਸ਼ਰਤ ਜਾਰੀ ਰਹੇਗੀ। ਸਫਾਈ ਅਤੇ ਸੈਨੀਟਾਈਜ਼ ਕਰਨਾ ਜਾਰੀ ਹੈ ਅਤੇ ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸੇਵਾ ਅੱਪਡੇਟਸ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਨੂੰ, 905.874.2999 ਤੇ ਪੁੱਛੇ ਜਾ ਸਕਦੇ ਹਨ।

**ਰੇਕ੍ਰੀਏਸ਼ਨ**

21 ਮਾਰਚ ਤੋਂ ਸ਼ੁਰੂ ਕਰਦੇ ਹੋਏ, ਸਿਟੀ ਦੇ ਰੇਕ੍ਰੀਏਸ਼ਨ ਸੈਂਟਰਾਂ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਲਈ, ਮਾਸਕ ਪਹਿਨਣਾ ਜ਼ਰੂਰੀ ਨਹੀਂ ਹੈ। ਜੋ ਵਿਅਕਤੀ, ਰੇਕ੍ਰੀਏਸ਼ਨ ਫੈਸੀਲਿਟੀਜ ਦੀ ਵਰਤੋਂ ਕਰਦੇ ਸਮੇਂ ਮਾਸਕ ਪਹਿਨਣਾ ਜਾਰੀ ਰੱਖਣਾ ਚਾਹੁੰਦੇ ਹਨ, ਉਹ ਅਜਿਹਾ ਕਰ ਸਕਦੇ ਹਨ।

ਰੇਕ੍ਰੀਏਸ਼ਨ ਸੈਂਟਰਾਂ ਵਿਖੇ, ਕੈਪੇਸਿਟੀ ਸੀਮਾਵਾਂ ਅਤੇ ਵੈਕਸੀਨੇਸ਼ਨ ਦੇ ਸਬੂਤ ਸਬੰਧੀ ਸ਼ਰਤਾਂ ਨੂੰ, ਹਾਲ ਹੀ ਦੇ ਪ੍ਰੋਵਿੰਸ਼ੀਅਲ ਨਿਯਮਾਂ ਨੂੰ ਹਟਾਏ ਜਾਣ ਦੇ ਨਾਲ ਇਕਸਾਰਤਾ ਵਿੱਚ ਹਟਾ ਦਿੱਤਾ ਗਿਆ ਹੈ। ਰੇਕ੍ਰੀਏਸ਼ਨ ਸੈਂਟਰ, ਰਜਿਸਟਰਡ ਅਤੇ ਡ੍ਰੌਪ-ਇਨ (ਬਿਨਾਂ ਮੁਲਾਕਾਤ ਬੁੱਕ ਕੀਤੇ) ਪ੍ਰੋਗਰਾਮਿੰਗ ਲਈ ਖੁੱਲੇ ਹਨ। ਰੇਕ੍ਰੀਏਸ਼ਨ ਸੈਂਟਰਾਂ ਵਿਖੇ ਆਉਣ ਵਾਸਤੇ, ਪੂਰਵ-ਰਜਿਸਟਰੇਸ਼ਨ ਦੀ ਲੋੜ ਨਹੀਂ ਹੈ, ਹਾਲਾਂਕਿ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਉਣ ਵਾਲੇ (ਵਿਜ਼ੀਟਰ), ਆਉਣ ਤੋਂ ਪਹਿਲਾਂ ਹੀ ਐਡਵਾਂਸ ਵਿੱਚ ਆਪਣੀਆਂ ਸੇਵਾਵਾਂ ਖਰੀਦ ਲੈਣ ਕਿਉਂਕਿ ਸਾਰੀਆਂ ਸੇਵਾਵਾਂ ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਤੇ ਹਨ।

ਹਾਲ ਹੀ ਦੇ provincial ਨਿਯਮਾਂ ਨੂੰ ਹਟਾਏ ਜਾਣ ਦੇ ਨਾਲ ਇਕਸਾਰਤਾ ਵਿੱਚ ਹਟਾ ਦਿੱਤਾ ਗਿਆ ਹੈ।

ਉਪਲਬਧ ਪ੍ਰੋਗਰਾਮਾਂ ਦੀ ਜਾਣਕਾਰੀ ਲਈ, www.brampton.ca/registerforprograms ਤੇ ਜਾਓ ਅਤੇ 311 ਤੇ ਫੋਨ ਕਰਕੇ ਜਾਂ ਸਿਟੀ ਦੇ ਰੇਕ੍ਰੀਏਸ਼ਨ ਸੈਂਟਰ ਵਿਖੇ ਜਾ ਕੇ ਰਜਿਸਟਰ ਕਰੋ।

**ਡੈਲੀਗੇਸ਼ਨਸ**

ਬੁੱਧਵਾਰ, 30 ਮਾਰਚ, 2022 ਤੱਕ, ਸਿਟੀ ਦੀਆਂ ਸਾਰੀਆਂ ਮੀਟਿੰਗਾਂ ਲਈ, ਡੈਲੀਗੇਸ਼ਨਸ ਰਿਮੋਟ ਹੀ ਰਹਿਣਗੇ। 30 ਮਾਰਚ ਤੋਂ ਬਾਅਦ, ਵਿਅਕਤੀਗਤ ਡੈਲੀਗੇਸ਼ਨਸ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਰਿਮੋਟ ਭਾਗੀਦਾਰੀ ਤਦ ਵੀ ਉਪਲਬਧ ਰਹੇਗੀ।

ਸਿਟੀ ਦਾ ਅੱਗੇ ਦਾ ਮੀਟਿੰਗ ਸ਼ੈਡਿਊਲ, ਇੱਥੇ (here) ਦੇਖਿਆ ਜਾ ਸਕਦਾ ਹੈ।

**ਕੋਵਿਡ-19 ਸਕ੍ਰੀਨਿੰਗ**

ਰੇਕ੍ਰੀਏਸ਼ਨ ਫੈਸਿਲਿਟੀਜ ਸਮੇਤ, ਸਿਟੀ ਦੀਆਂ ਫੈਸੀਲਿਟੀਜ ਵਿੱਚ ਦਾਖਲ ਹੋਣ ਵਾਸਤੇ ਪ੍ਰੀ-ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਬੀਮਾਰ ਮਹਿਸੂਸ ਕਰ ਰਹੇ ਹੋਣ ਤਾਂ ਘਰ ਵਿੱਚ ਹੀ ਰਹਿਣਾ ਜਾਰੀ ਰੱਖਣ।

ਸਿਟੀ, ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਾਸਤੇ ਮਦਦ ਕਰਨ ਲਈ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਰੱਖਣ ਅਤੇ ਮਾਸਕ ਪਹਿਨਣ ਜਿਹੇ ਉਪਾਵਾਂ ਨੂੰ ਅਪਨਾਉਣਾ ਜਾਰੀ ਰੱਖਣ ਲਈ ਨਿਵਾਸੀਆਂ ਦਾ ਧੰਨਵਾਦ ਕਰਦੀ ਹੈ। ਨਿਵਾਸੀਆਂ ਨੂੰ ਚਾਹੀਦਾ ਹੈ ਕਿ ਉਹ ਕਮਿਊਨਿਟੀ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦੇਣਾ ਜਾਰੀ ਰੱਖਣ ਅਤੇ ਜੇਕਰ ਬੀਮਾਰ ਹੋਣ ਤਾਂ ਘਰ ਵਿੱਚ ਹੀ ਰਹਿਣ ਅਤੇ ਕੋਵਿਡ-19 ਲਈ, ਵੈਕਸੀਨ ਅਤੇ ਬੂਸਟਰ ਡੋਜ ਲਗਵਾਉਣ। ਕੋਵਿਡ-19 ਵੈਕਸੀਨੇਸ਼ਨਾਂ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਲਈ, ਸੂਬੇ ਦੇ ਵੈਕਸੀਨ ਪੋਰਟਲ (vaccine portal) ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca